Education Bureau

# ਮੁਫ਼ਤ ਉੱਚ-ਗੁਣਵੱਤਾ ਦੀ ਕਿੰਡਰਗਾਰਟਨ ਸਿੱਖਿਆ ਨੀਤੀ

# ਚੀਨੀ ਨਾ ਬੋਲਣ ਵਾਲੇ ਬੱਚਿਆਂ ਲਈ ਸਹਾਇਤਾ

ਮੁਫ਼ਤ ਉੱਚ-ਗੁਣਵੱਤਾ ਦੀ ਕਿੰਡਰਗਾਰਟਨ ਸਿੱਖਿਆ ਨੀਤੀ

ਚੀਨੀ ਨਾ ਬੋਲਣ ਵਾਲੇ ਬੱਚਿਆਂ ਲਈ ਸਹਾਇਤਾ

ਚੀਨੀ ਨਾ ਬੋਲਣ ਵਾਲੇ (NCS) ਬੱਚਿਆਂ ਦੁਆਰਾ ਚੀਨੀ ਸਿੱਖਣ ਦੀ ਜਲਦੀਸ਼ੁਰੂਆਤ ਨਾਲ ਉਹਨਾਂ ਨੂੰ ਮੁੱਖ ਧਾਰਾ ਦੇ ਪਾਠਕ੍ਰਮ ਨੂੰ ਅਪਣਾਉਣ ਅਤੇ ਸਥਾਨਕ ਭਾਈਚਾਰੇ ਦੇ ਨਾਲ ਜੁੜਨ ਵਿੱਚ ਸਹਾਇਤਾ ਮਿਲੇਗੀ। NCS ਬੱਚਿਆਂ ਦੇ ਮਾਪਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਜਿੰਨੀ ਜਲਦੀ ਹੋ ਸਕੇ ਅਜਿਹੇ ਕਿੰਡਰਗਾਰਟਨਾਂ (KGs) ਵਿੱਚ ਭੇਜਣ ਜਿੱਥੇ ਪੂਰੀ ਤਰ੍ਹਾਂ ਨਾਲ ਚੀਨੀ ਭਾਸ਼ਾ ਵਰਤੀ ਜਾਂਦੀ ਹੋਵੇ ਤਾਂ ਜੋ ਉਹਨਾਂ ਨੂੰ ਚੀਨੀ ਭਾਸ਼ਾ ਸਿੱਖਣ ਵਿੱਚ ਮਦਦ ਮਿਲ ਸਕੇ। ਸਰਕਾਰ KGs ਵਿੱਚ NCS ਬੱਚਿਆਂ ਦੇ ਦਾਖਲੇ ਵਿੱਚ ਸਹਾਇਤਾ ਕਰਨ ਅਤੇ ਉਹਨਾਂ ਦੀਆਂ ਸਿੱਖਣ ਅਤੇ ਵਿਕਾਸ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਈ ਉਪਾਅ ਪੇਸ਼ ਕਰਦੀ ਹੈ।



(Punjabi (Indian))

## ਸਹਾਇਤਾ ਉਪਾਅ

### ਵਿਦਿਆਰਥੀ ਦਾ ਦਾਖਲਾ

- ਸਾਰੇ KGs ਨੂੰ ਦਾਖਲੇ ਵਿੱਚ ਸਾਰੇ ਬੱਚਿਆਂ ਲਈ ਬਰਾਬਰ ਮੌਕਿਆਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਭਾਵੇਂ ਉਹਨਾਂ ਦੀ ਨਸਲ, ਲਿੰਗ ਅਤੇ ਸਮਰੱਥਾ ਕੋਈ ਵੀ ਹੋਵੇ ਅਤੇ ਉਹਨਾਂ ਦੀ ਸਕੂਲ-ਆਧਾਰਤ ਦਾਖਲਾ ਪ੍ਰਣਾਲੀ ਨਿਰਪੱਖ, ਵਾਜਬ, ਖੁੱਲ੍ਹੀ ਅਤੇ ਗੈਰ-ਵਿਤਕਰਾ ਕਾਨੂੰਨ ਦੀ ਪਾਲਣਾ ਵਿੱਚ ਹੋਣੀ ਚਾਹੀਦੀ ਹੈ।
- KGs ਨੂੰ ਯਾਦ ਦਿਲਾਇਆ ਜਾਂਦਾ ਹੈ ਕਿ ਉਹ ਆਪਣੇ ਦਾਖਲਾ ਫਾਰਮ, ਸਕੂਲ-ਆਧਾਰਤ ਦਾਖਲਾ ਪ੍ਰਣਾਲੀ ਬਾਰੇ ਜਾਣਕਾਰੀ ਅਤੇ ਦਾਖਲਾ ਸ਼ਰਤਾਂ ਚੀਨੀ ਅਤੇ ਅੰਗ੍ਰੇਜ਼ੀ, ਦੋਵੇਂ ਭਾਸ਼ਾਵਾਂ ਵਿੱਚ ਮੁਹੱਈਆ ਕਰਨ, ਅਤੇ NCS ਬੱਚਿਆਂ ਦੇ ਮਾਪਿਆਂ ਨੂੰ ਸਹਾਇਤਾ ਪੇਸ਼ ਕਰਨ। ਉਦਾਹਰਨ ਲਈ, KGs ਇਜਾਜ਼ਤ ਦੇ ਸਕਦੇ ਹਨ ਕਿਇੰਟਰਵਿਊ ਦੇ ਦੌਰਾਨ ਮਾਪਿਆਂ ਦੇ ਨਾਲ ਕੋਈ ਚੀਨੀ ਬੋਲਣ ਵਾਲਾ ਰਿਸ਼ਤੇਦਾਰ/ਦੋਸਤ ਆਏ ਤਾਂ ਜੋ ਗੱਲਬਾਤ ਕਰਨ ਵਿੱਚ ਸਹਾਇਤਾ ਮਿਲ ਸਕੇ।
- NCS ਬੱਚਿਆਂ ਦੇ ਮਾਪਿਆਂ ਲਈ ਸਲਾਨਾ ਤੌਰ 'ਤੇ ਨਰਸਰੀ (K1) ਦਾਖਲਿਆਂ ਬਾਰੇ ਮਾਪਿਆਂ ਦੇ ਸੈਮੀਨਾਰ ਆਯੋਜਿਤ ਕੀਤੇ ਜਾਂਦੇ ਹਨ। ਲੋੜ ਅਨੁਸਾਰਦੋਭਾਸ਼ੀਏ ਦੀ ਸੇਵਾ ਮੁਹੱਈਆ ਕੀਤੀ ਜਾਂਦੀ ਹੈ।
- ਸਿੱਖਿਆ ਬਿਊਰੋ (EDB) ਦੁਆਰਾ ਪ੍ਰਕਾਸ਼ਿਤ ਕੀਤੀ ਗਈ ਸਬੰਧਿਤ ਸਮੱਗਰੀ, ਜਿਵੇਂ ਕਿ ਕਿਤਾਬਚੇ, ਪੋਸਟਰ, ਮਾਰਗਦਰਸ਼ਨ ਨੋਟ ਅਤੇ KG ਦਾਖਲੇ ਲਈ ਰਜਿਸਟ੍ਰੇਸ਼ਨ ਸਰਟੀਫਿਕੇਟ ਵਾਸਤੇ ਅਰਜੀ ਦਾ ਛੇ ਮੁੱਖ ਨਸਲੀ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ, ਜਿਨ੍ਹਾਂ ਵਿੱਚ, ਭਾਸ਼ਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਟੈਗਾਲੋਗ, ਥਾਈ ਅਤੇ ਉਰਦੂ ਸ਼ਾਮਿਲ ਹਨ।
- KG ਪ੍ਰੋਫਾਈਲ, ਜੋ ਅੰਗ੍ਰੇਜ਼ੀ ਅਤੇ ਚੀਨੀ ਦੋਵਾਂ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ, ਸਕੂਲ ਬਾਰੇ ਬਹੁਤ ਤਰ੍ਹਾਂ ਦੀ ਜਾਣਕਾਰੀ ਮੁਹੱਈਆ ਕਰਦਾ ਹੈ ਜੋ ਕਿ ਮਾਪਿਆਂ ਲਈ ਸਕੂਲ ਦੀ ਚੋਣ ਕਰਨ ਵਿੱਚ ਉਪਯੋਗੀ ਹਵਾਲੇ ਵਜੋਂ ਕੰਮ ਕਰਦੀ ਹੈ।
- KGs ਵਿੱਚ ਦਾਖਲਾ ਲੈਣ ਵਿੱਚ ਆਮ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ NCS ਬੱਚਿਆਂ ਦੇ ਮਾਪੇ, ਜਿਵੇਂ ਉਚਿਤ ਹੋਵੇ, ਮੁਫ਼ਤ ਉੱਚ ਕੁਆਲਿਟੀ ਵਾਲੀ KG ਸਿੱਖਿਆ ਸਕੀਮ (ਸਕੀਮ-KGs) ਵਿੱਚ ਸ਼ਾਮਲ ਹੋਣ ਵਾਲੇ KGs, ਜਿਨ੍ਹਾਂ ਕੋਲ ਖਾਲੀ ਸਥਾਨ ਹਨ, ਵਾਸਤੇ ਹਵਾਲਾ ਲੈਣ ਲਈ, ਸਿੱਖਿਆ ਬਿਊਰੋ EDB ਕੋਲ ਜਾ ਸਕਦੇ ਹਨ।

### NCS ਵਿਦਿਆਰਥੀਆਂ ਦੀਆਂ ਲੋੜਾਂ ਦੀ ਪੂਰਤੀ

- NCS ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ KGs ਦੀ ਸਹਾਇਤਾ ਕਰਨ ਲਈ, ਸਕੂਲ-ਆਧਾਰਤ ਸਹਾਇਤਾ ਦੇ ਵਿਸਤਰਿਤ ਢੰਗ ਪੇਸ਼ ਕੀਤੇ ਜਾਂਦੇ ਹਨ। ਸਾਰੇ KGs ਸ਼ਾਮਲ ਹੋਣ ਲਈ ਦਰਖਾਸਤ ਦੇ ਸਕਦੇ ਹਨ।
- KGs ਲਈ NCS ਵਿਦਿਆਰਥੀਆਂ ਨੂੰ ਪੜ੍ਹਾਉਣ ਅਤੇ ਉਹਨਾਂ ਦੀ ਸਿੱਖਿਆ ਬਾਰੇ ਪੇਸ਼ੇਵਰ ਸਿਖਲਾਈ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ।
- 8 ਜਾਂ ਵੱਧ NCS ਵਿਦਿਆਰਥੀਆਂ ਨੂੰ ਦਾਖਲਾ ਦੇਣ ਵਾਲੇ ਸਕੀਮ-KGs, NCSਵਿਦਿਆਰਥੀਆਂ ਲਈ ਸਹਾਇਤਾ ਵਿੱਚ ਸੁਧਾਰ ਵਾਸਤੇ ਵਾਧੂ ਗ੍ਰਾਂਟ ਲਈ ਅਰਜ਼ੀ ਦੇ ਸਕਦੇ ਹਨ।
- NCS ਵਿਦਿਆਰਥੀਆਂ ਦੇ ਮਾਪਿਆਂ ਦੇ ਨਾਲ ਗੱਲਬਾਤ ਨੂੰ ਮਜ਼ਬੂਤ ਬਣਾਉਣ ਵਿੱਚ KGs ਦੀ ਮਦਦ ਕਰਨ ਲਈ, ਗੱਲਬਾਤ ਸੰਕੇਤ ਕਾਰਡ ਦਾ ਇੱਕ ਸੈੱਟ ਅਤੇ ਆਮ ਤੌਰ 'ਤੇ ਵਰਤੇ ਜਾਂਦੇ ਸਕੂਲ ਨੋਟਿਸਾਂ ਦੇ ਖਾਕੇ ਦਾ ਛੇ ਮੁੱਖ ਨਸਲੀ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ ਜਿਸ ਨੂੰ KGs ਦੁਆਰਾ ਵਰਤਿਆ ਜਾ ਸਕਦਾ ਹੈ।
- ਤਾਜ਼ਾ ਜਾਣਕਾਰੀ ਲੈਣ ਲਈ KG ਸਿੱਖਿਆ ਪਾਠਕ੍ਰਮ ਗਾਈਡ ਵਿੱਚ NCS ਵਿਦਿਆਰਥੀਆਂ ਨੂੰ ਸਥਾਨਕ ਸਕੂਲ ਦੇ ਮਾਹੌਲ ਨਾਲ ਜੋੜਨ ਵਿੱਚ ਸਹਾਇਤਾ ਲਈ ਨਿਰਦੇਸ਼ ਅਤੇ ਸਿਧਾਂਤ ਦਿੱਤੇ ਗਏ ਹਨ, ਅਤੇ ਨਾਲ ਹੀ ਇਸ ਬਾਰੇ ਖਾਸ ਰਣਨੀਤੀਆਂ ਅਤੇ ਸਬੰਧਿਤ ਸਰੋਤ ਵੀ ਦਿੱਤੇ ਗਏ ਹਨ ਕਿ ਅਧਿਆਪਕ ਚੀਨੀ ਸਿੱਖਣ ਵਿੱਚ NCS ਵਿਦਿਆਰਥੀਆਂ ਦੀ ਮਦਦ ਕਿਵੇਂ ਕਰ ਸਕਦੇ ਹਨ।



## ਹੋਰ ਜਾਣਕਾਰੀ

ਜ਼ਿਆਦਾ ਜਾਣਕਾਰੀ ਜਾਂ ਸਹਾਇਤਾ ਲਈ, ਕਿਰਪਾ ਕਰਕੇ EDB ਨਾਲ ਸੰਪਰਕ ਕਰੋ:

- ਖੇਤਰੀ ਸਿੱਖਿਆ ਦਫ਼ਤਰਾਂ ਦੇ ਟੈਲੀਫੋਨ:
  2863 4646 (HK),
  3698 4108 (KLN),
  2639 4876 (NTE) ਅਤੇ
  2437 7272 (NTW)
- ਕਿੰਡਰਗਾਰਟਨ ਅਤੇ ਬਾਲ ਦੇਖਭਾਲ ਕੇਂਦਰਾਂ ਲਈ ਸੰਯੁਕਤ ਆਫਿਸ ਦਾ ਟੈਲੀਫੋਨ: 3107 2197
- ਹੋਰ ਸੰਬੰਧਤ ਵੈੱਬਸਾਈਟਾਂ:
  - ▶ ਮੁਫ਼ਤ ਉੱਚ-ਗੁਣਵੱਤਾ ਵਾਲੀ KG ਸਿੱਖਿਆ
    www.edb.gov.hk/free-quality-kg-edu_en
  - ▶ KGs ਵਿੱਚ K1 ਕਲਾਸਾਂ ਲਈ ਦਾਖਲੇ ਦੇ ਪ੍ਰਬੰਧ
    www.edb.gov.hk/k1-admission_e
  - ▶ KG ਦੀ ਰੂਪਰੇਖਾ
    www.chsc.hk/kindergarten/en/
  - ▶ NCS ਵਿਦਿਆਰਥੀਆਂ ਲਈ ਵਿਦਿਅਕ ਸੇਵਾਵਾਂ
    www.edb.gov.hk/ncs